# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਮੀਮੋ ਨੰ: DySPD (PEDB)/2020/119402 ਮਿਤੀ: 25.05.2020

**ਜਨਤਕ ਸੂਚਨਾ**

1.0 ਵਿਭਾਗ ਵੱਲੋਂ ਇਸ ਦਫਤਰ ਦੀ ਜਨਤਕ ਸੂਚਨਾ DySPD (PEDB)/2020/115482, ਮਿਤੀ: 18.05.2020 ਰਾਹੀਂ ਸਮੂਹ ਅਧਿਆਪਕ ਅਤੇ Punjab ICT Education Society (PICTES) ਤਹਿਤ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਨੂੰ ਸਾਲ 2020 ਦੌਰਾਨ ਨਿਯਮਾਂ ਅਨੁਸਾਰ ਬਦਲੀ ਕਰਵਾਉਣ ਲਈ ਸਦਾ ਦਿੱਤਾ ਗਿਆ ਹੈ। ਨਾਲ ਹੀ ਵਿਭਾਗ ਦੇ ਮੀਮੋ ਨੰ DySPD (PEDB)/2020/119197, ਮਿਤੀ: 23.05.2020 ਰਾਹੀਂ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਨੂੰ ਬਦਲੀਆਂ ਲਈ ਅਪਲਾਈ ਕਰਨ ਦਾ ਸਦਾ ਦਿੱਤਾ ਗਿਆ ਸੀ।

2.0 ਬਹੁਤ ਸਾਰੇ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਵੱਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਬਦਲੀ ਲਈ ਆਨ ਲਾਇਨ ਅਪਲਾਈ ਕਰਨ ਲਈ ਲੋੜੀਂਦਾ ਡਾਟਾ ਉਨ੍ਹਾਂ ਕੋਲ ਉਪਲਬਧ ਨਹੀਂ ਹੈ ਅਤੇ ਬਦਲੀ ਲਈ ਅਪਲਾਈ ਕਰਨ ਦੀ ਅੰਤਿਮ ਮਿਤੀ 27.05.2020 ਹੈ। ਮਿਤੀ 24.05.2020 ਤੋਂ 26.05.2020 ਨੂੰ ਛੁੱਟੀ ਹੋਣ ਕਾਰਨ ਸਕੂਲ ਦਾ ਦਫਤਰ ਬੰਦ ਹੈ, ਇਸ ਲਈ ਡਾਟਾ ਉਪਲਬਧ ਹੋਣਾ ਸੰਭਵ ਨਹੀਂ ਹੈ। ਇਨ੍ਹਾਂ ਕਾਰਨਾਂ ਨੂੰ ਵੇਖਦੇ ਹੋਏ ਬਦਲੀ ਲਈ ਅਪਲਾਈ ਕਰਨ ਦੀ ਅੰਤਿਮ ਮਿਤੀ ਵਿੱਚ ਵਾਧਾ ਕੀਤਾ ਜਾਵੇ।

3.0 ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਬੇਨਤੀ ਨੂੰ ਵਿਭਾਗ ਵੱਲੋਂ ਵਿਚਾਰਨ ਉਪਰੰਤ ਬਦਲੀ ਲਈ ਅਪਲਾਈ ਕਰਨ ਦੀ ਅੰਤਿਮ ਮਿਤੀ 02.06.2020 ਕੀਤੀ ਜਾਂਦੀ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**